بِسۡمِ اللّٰہِ الرَّحۡمٰنِ الرَّحِیۡمِ　　نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ　　وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 09.10.2020

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

**ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਹਾਬੀ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਦੇ ਮਰਤਬੇ, ਸਥਾਨ ਤੇ ਸਦਗੁਣਾ ਦਾ ਇਮਾਨ ਵਿੱਚ ਵਾਧਾ ਕਰਨ ਵਾਲਾ ਜ਼ਿਕਰ**

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 09 ਅਕਤੂਬਰ 2020 ਈ. ਨੂੰ ਮਸਜਿਦ ਮੁਬਾਰਕ, ਇਸਲਾਮਾਬਾਦ (ਬਰਤਾਨੀਆ) ਵਿੱਚ ਦਿਤੱਾ**

أَشْهَدُ أَنْ لَا إِلٰهَ إِلَّا اللّٰهُ وَحْدَهُ لَا شَرِيْكَ لَهُ وَأَشْهَدُ أَنَّ مُحَمَّدًا عَبْدُهُ وَرَسُوْلُهُ أَمَّا بعد فاعوذ بالله من الشيطٰن الرجيم۔

بِسۡمِ اللّٰہِ الرَّحۡمٰنِ الرَّحِیۡمِ ۔ اَلۡحَمۡدُ لِلّٰہِ رَبِّ الۡعٰلَمِیۡنَ ۔ الرَّحۡمٰنِ الرَّحِیۡمِ ۔ مٰلِکِ یَوۡمِ الدِّیۡنِ ۔ اِیَّاکَ نَعۡبُدُ وَ اِیَّاکَ نَسۡتَعِیۡنُ ۔

اِہۡدِنَا الصِّرَاطَ الۡمُسۡتَقِیۡمَ ۔ صِرَاطَ الَّذِیۡنَ اَنۡعَمۡتَ عَلَیۡہِمۡ غَیۡرِ الۡمَغۡضُوۡبِ عَلَیۡہِمۡ وَ لَا الضَّآلِّیۡنَ۔

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਬੀਤੇ ਜੁਮਏ ਵਿੱਚ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦਾ ਜ਼ਿਕਰ ਚੱਲ ਰਿਹਾ ਸੀ ਅੱਜ ਵੀ ਇਸ ਦਾ ਬਾਕੀ ਹਿਸੱਾ ਵਰਨਣ ਹੋਵੇਗਾ । 14 ਹਿਜਰੀ ਵਿੱਚ ਸ਼ਾਮ ਵਿੱਚ ਸੱਭ ਤੋਂ ਵਡੱਾ ਮਾਅਰਕਾ ਯਰਮੂਕ ਦੀ ਵਾਦੀ ਵਿੱਚ ਯਰਮੂਕ ਦਰਿਆ ਕੰਢੇ ਹੋਇਆ । ਰੋਮੀ ਢਾਈ ਲੱਖ ਜੰਗਜੂ ਰਣਖੇਤਰ ਵਿੱਚ ਲਿਆਏ ਜੱਦ ਕਿ ਮੁਸਲਮਾਨਾ ਦੀ ਗਿਣਤੀ ਤੀਹ ਹਜ਼ਾਰ ਦੇ ਲਗਭਗ ਸੀ, ਜਿੰਨ੍ਹਾ ਵਿੱਚ ਇਕ ਹਜ਼ਾਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਸਹਾਬਾ ਸਨ ਅਤੇ ਇਹਨਾ ਵਿੱਚ ਲਗਭਗ ਇਕ ਸੌ ਬਦਰੀ ਸਹਾਬਾ ਸਨ । ਰੋਮੀਓ ਦੇ ਸਿਪਾਸਾਲਾਰ ਨੇ ਜਾਰਜ ਨਾਂ ਦੇ ਰੋਮੀ ਸੰਦੇਸ਼ਵਾਹਕ ਨੂੰ ਇਸਲਾਮੀ ਲਸ਼ਕਰ ਵੱਲ ਭੇਜਿਆ । ਜੱਦ ਉਹ ਇਸਲਾਮੀ ਲਸ਼ਕਰ ਵਿੱਚ ਪਹੁੰਚਿਆ ਤਾਂ ਮੁਸਲਮਾਨ ਮਗ਼ਰਿਬ ਦੀ ਨਮਾਜ਼ ਪੜ੍ਹ ਰਹੇ ਸਨ । ਉਸ ਨੇ ਮੁਸਲਮਾਨਾ ਨੂੰ ਬਹੁਤ ਹੀ ਸੁਚਾਰੂ ਰੂਪ ਵਿੱਚ ਰੱਬ ਅੱਗੇ ਸਜੱਦਾ ਕਰਦਿਆਂ ਹੋਇਆਂ ਦੇਖਿਆ ਤਾਂ ਬਹੁਤ ਹੀ ਪ੍ਰਭਾਵਤ ਹੋਇਆ । ਉਸ ਨੇ ਹਜ਼ਰਤ ਅਬੂ ਉਬੈਦਹ ਤੋਂ ਕੁਝ ਪ੍ਰਸ਼ਨ ਪੁੱਛੇ ਜਿੰਨ੍ਹਾ ਵਿੱਚੋਂ ਇਕ ਇਹ ਸੀ ਕਿ ਹਜ਼ਰਤ ਈਸਾ ਬਾਰੇ ਆਪ ਦਾ ਕੀ ਵਿਚਾਰ ਹੈ । ਹਜ਼ਰਤ ਅਬੂ ਉਬੈਦਹ ਨੇ ਕੁਰਆਨ ਕਰੀਮ ਦੀ ਆਇਤ ਪੜ੍ਹੀ ਜਿਸ ਦਾ ਅਰਥ ਇਹ ਹੈ ਕਿ ਹੇ, ਪੁਸਤਕ ਵਾਲਿਓ ਆਪਣੇ ਦੀਨ ਵਿੱਚ ਹੱਦੋਂ ਨ ਵਧੋ, ਰੱਬ ਬਾਰੇ ਸੱਚ ਤੋਂ ਬਿਨਾ ਕੁਝ ਨ ਕਹੋ, ਨਿਸ਼ਚੇ ਹੀ ਮਰਯੱਮ ਦਾ ਪੁਤੱਰ ਮਸੀਹ ਈਸਾ ਕੇਵਲ ਰੱਬ ਦਾ ਰਸੂਲ ਹੈ ਅਤੇ ਉਸਦਾ ਕਥਨ ਹੈ ਜੋ ਉਸਨੇ ਮਰਯੱਮ ਵੱਲ ਭੇਜਿਆ ਅਤੇ ਉਸ ਵੱਲੋਂ ਇਕ ਆਤਮਾ ਹੈ । ਸੋ, ਅਲੱਾਹ'ਤੇ ਅਤੇ ਉਸ ਦੇ ਰਸੂਲਾਂ'ਤੇ ਇਮਾਨ ਲੈ ਆਓ ਅਤੇ ਤਿੰਨ ਨ ਕਹੋ, ਮੁੜ ਜਾਓ ਕਿ ਇਸ ਵਿੱਚ ਤੁਹਾਡੀ ਭਲਾਈ ਹੈ । ਨਿਸ਼ਚੇ ਹੀ ਰੱਬ ਇਕ ਹੈ ਜੋ ਇਬਾਦਤ ਯੋਗ ਹੈ, ਉਹ ਪਾਕ ਹੈ ਇਸ ਗੱਲ ਤੋਂ ਕਿ ਉਸ ਦਾ ਕੋਈ ਪੁਤੱਰ ਹੋਵੇ । ਉਸੇ ਦਾ ਹੈ ਜੋ ਕੁਝ ਆਕਸ਼ਾਂ ਵਿੱਚ ਹੈ ਅਤੇ ਜੋ ਧਰਤੀ ਵਿੱਚ ਹੈ, ਰਚਨਾ ਦੇ ਪੱਖੋਂ ਰੱਬ ਬਹੁਤ ਹੈ । ਫਿਰ ਇਸ ਦੇ ਬਾਦ

ਅਗੱਲੀ ਆਇਤ ਪੜ੍ਹੀ لَنۡ يَّسۡتَنۡكِفَ الۡمَسِيۡحُ اَنۡ يَّكُوۡنَ عَبۡدًا لِّلّٰهِ وَلَا الۡمَلٰٓـئِكَةُ الۡمُقَرَّبُوۡنَ ਮਸੀਹ ਉਕੱਾ ਹੀ ਇਸ ਗੱਲ ਨੂੰ ਬੁਰਾ ਨਹੀਂ ਮਨਾਏਗਾ ਕਿ ਉਹ ਰੱਬ ਦਾ ਇਕ ਬੰਦਾ ਜਾਣਿਆ ਜਾਵੇ ਅਤੇ ਨ ਹੀ ਨੇੜਤਾ ਰਖੱਣ ਵਾਲੇ ਫ਼ਰਿਸ਼ਤੇ ਇਸ ਨੂੰ ਬੁਰਾ ਮਨਾਉਣਗੇ । ਜਾਰਜ ਨੇ ਜੱਦ ਕੁਰਆਨ ਸ਼ਰੀਫ਼ ਦੀ ਇਸ ਸਿੱਖਿਆ ਨੂੰ ਸੁਣਿਆ ਤਾਂ ਕਹਿ ਉਠਿਆ ਕਿ ਬੇਸ਼ਕ ਮਸੀਹ ਦੇ ਇਹ ਸੱਦਗੁਣ ਹਨ ਅਤੇ ਕਿਹਾ ਕਿ ਤੁਹਾਡਾ ਪੈਗ਼ੰਬਰ ਸਚੱਾ ਹੈ ਅਤੇ ਮੁਸਲਮਾਨ ਹੋ ਗਿਆ । ਇਸਾਈ ਲਸ਼ਕਰ ਨੂੰ ਵੀ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੇ ਇਸਲਾਮ ਦੀ ਦਾਵਤ ਦਿੱਤੀ ਪਰ ਕੋਈ ਸਿਟੱਾ ਨ ਨਿਕਲਿਆ ਅਤੇ ਜੰਗ ਦੀ ਤਿਆਰੀ ਅਰੰਭ ਹੋ ਗਈ । ਹਜ਼ਰਤ ਅਬੂ ਓਬੈਦਹ ਰਜ਼ੀ ਅਲੱਾਹ ਅਨਹੁ ਨੇ ਆਪਣੇ ਲਸ਼ਕਰ ਨਾਲ ਜੋਸ਼ ਭਰਿਆ ਸੰਬੋਧਨ ਕੀਤਾ । ਆਪ ਨੇ ਫ਼ਰਮਾਇਆ ਰੱਬ ਦੇ ਬੰਦਿਓ ਰੱਬ ਦੀ ਮਦਦ ਲਈ ਅੱਗੇ ਵਧੋ, ਉਹ ਤੁਹਾਡੀ ਮਦਦ ਕਰੇਗਾ ਅਤੇ ਤੁਹਾਡੇ ਪੈਰ੍ਹਾਂ ਨੂੰ ਦ੍ਰਿੜ੍ਹਤਾ ਪ੍ਰਦਾਨ ਕਰੇਗਾ । ਹੇ, ਰਾੱਬ ਦੇ ਬੰਦਿਓ ! ਸਬਰ ਕਰੋ ਕਿ ਸਬਰ ਹੀ ਕੁਫ਼ਰ ਤੋਂ ਮੁਕਤੀ ਦਾ ਸਾਧਨ ਹੈ, ਰੱਬ ਨੂੰ ਰਾਜ਼ੀ ਕਰਨ ਦਾ ਸਬਬ ਹੈ ਅਤੇ ਦਿਖਾਵੇ ਨੂੰ ਧੋਣ ਵਾਲਾ ਹੈ । ਆਪਣੀਆਂ ਪੰਕਤੀਆਂ ਨੂੰ ਨ ਤੋੜਨਾ, ਜੰਗ ਦਾ ਅਰੰਭ ਤੁਸੀ ਨ ਕਰਨਾ, ਨੇਜ਼ਿਆਂ ਨੂੰ ਤਾਣ ਲਓ, ਢਾਲਾਂ ਨੂੰ ਸੰਭਾਲ ਲਓ ਅਤੇ ਮੂੰਹਾਂ ਨੂੰ ਰੱਬ ਦੇ ਸਿਮਰਣ ਨਾਲ ਭਰੀ ਰੱਖੋ, ਤਾਂ ਜੋ ਰੱਬ ਆਪਣੀ ਇਛੱਾ ਪੂਰੀ ਕਰੇ । ਕੁਫ਼ਾਰ ਦਾ ਲਸ਼ਕਤ ਸਾਗਰ ਦੀਆਂ ਲਹਿਰਾਂ ਵਾਂਗ ਅੱਗੇ ਵੱਧਿਆ । ਅਰੰਭ ਵਿੱਚ ਰੋਮੀਆਂ ਦਾ ਪਲੜਾ ਭਾਰੀ ਰਿਹਾ ਅਤੇ ਉਹਨਾ ਨੇ ਮੁਸਲਮਾਨਾ ਨੂੰ ਪਿੱਛੇ ਧਕੱਣਾ ਸ਼ੁਰੂ ਕੀਤਾ । ਇਸਾਈਆਂ ਨੇ ਆਪਣੇ ਕੁਝ ਤੀਰ ਅੰਦਾਜ਼ ਇਕ ਟੀਲੇ ਉਪੱਰ ਬਿਠਾ ਦਿੱਤੇ ਅਤੇ ਉਹਨਾਂ ਨੂੰ ਨਿਰਦੇਸ਼ ਦਿਤੱਾ ਕਿ ਉਹ ਆਪਣੇ ਤੀਰਾਂ ਨਾਲ ਵਿਸ਼ੇਸ਼ ਕਰਕੇ ਸਹਾਬਾ ਨੂੰ ਨਿਸ਼ਾਨਾ ਬਨਾਉਣ । ਉਹ ਜਾਣਦੇ ਸਨ ਕਿ ਜੱਦ ਵੱਡੇ ਵੱਡੇ ਲੋਕ ਮਾਰੇ ਗਏ ਤਾਂ ਬਾਕੀ ਫ਼ੌਜ ਦੇ ਦਿਲ ਆਪ ਹੀ ਟੁੱਟ ਜਾਣਗੇ ਅਤੇ ਉਹ ਮੈਦਾਨ ਛਡੱਕੇ ਭੱਜ ਜਾਣਗੇ । ਸਿਟੱਾ ਇਹ ਹੋਇਆ ਕਿ ਅਨੇਕਾਂ ਹੀ ਸਹਾਬਾ ਮਾਰੇ ਵੀ ਗਏ ਅਤੇ ਕਈਆਂ ਦੀਆਂ ਅਖੱਾਂ ਵੀ ਨਸ਼ਟ ਹੋ ਗਈਆਂ । ਅਕਰਮਾ ਨੇ ਇਹ ਹਾਲਤ ਦੇਖੀ ਤਾਂ ਹਜ਼ਰਤ ਅਬੂ ਉਬੈਦਹ ਦੀ ਸੇਵਾ ਵਿੱਚ ਬਿਨਤੀ ਕੀਤੀਕਿ ਸਹਾਬਾ ਬਹੁਤ ਵੱਡੀ ਸੇਵਾਵਾਂ ਕਰ ਚੁਕੇ ਹਨ । ਹੁਣ ਅਸੀਂ ਜੋ ਬਾਦ ਵਿੱਚ ਆਏ ਹਨ ਸਾਨੂ ਪੁੰਨ੍ਹ ਹਾਸਲ ਕਰਨ ਦਾ ਮੌਕਾ ਦਿਤੱਾ ਜਾਏ ਅਸੀਂ ਲਸ਼ਕਰ ਦੇ ਦਿਲ ਵਿੱਚ ਅਰਥਾਤ ਵਿਚਕਾਰਲੇ ਭਾਗ ਵਿੱਚ ਹਮਲਾ ਕਰਾਂਗੇ ਅਤੇ ਈਸਾਈ ਜਰਨੈਲਾਂ ਨੂੰ ਮਾਰ ਮੁਕਾਵਾਂਗੇ । ਹਜ਼ਰਤ ਅਬੂ ਉਬੈਦਹ ਨੇ ਫ਼ਰਮਾਇਆ ਇਹ ਬਹੁਤ ਖ਼ਤਰੇ ਵਲੀ ਗੱਲ ਹੈ, ਇਸ ਪ੍ਰਕਾਰ ਤਾਂ ਜਿੰਨ੍ਹੇ ਵੀ ਗਭਰੂ ਜਾਣਗੇ ਉਹ ਸਾਰੇ ਮਾਰੇ ਜਾਣਗੇ । ਅਕਰਮਾ ਨੇ ਕਿਹਾ ਕਿ ਇਹ ਠੀਕ ਹੈ ਪਰ ਇਸ ਤੋਂ ਬਿਨਾ ਹੋਰ ਕੋਈ ਚਾਰਾ ਵੀ ਨਹੀਂ । ਅਖੀਰ ਅਬੂ ਉਬੈਦਹ ਨੇ ਉਨਹਾ ਦੇ ਹੱਠ ਕਰਨ'ਤੇ ਉਹਨਾ ਨੂੰ ਆਗਿਆ ਦੇ ਦਿੱਤੀ । ਇਸ'ਤੇ ਉਹਨਾ ਨੇ ਲਸ਼ਕਰ ਦੇ ਕੇਂਦਰੀ ਭਾਗ ਉਪੱਰ ਹਮਲਾ ਕੀਤਾ ਅਤੇ ਉਸ ਨੂੰ ਮਾਤ ਦੇ ਦਿੱਤੀ, ਪਰ ਇਸ ਲੜਾਈ ਵਿੱਚ ਉਹਨਾ ਵਿੱਚੋਂ ਬਹੁਤੇ ਨੌਜੁਆਨ ਸ਼ਹੀਦ ਹੋ ਗਏ । ਅੱਸੀ ਹਜ਼ਾਰ ਕੁਫ਼ੱਾਰ ਪਿੱਛੇ ਹਟੱਦਿਆਂ ਹੋਇਆਂ ਮੋਕ ਦਰਿਆ ਵਿੱਚ ਡੁਬੱਕੇ ਮਰ ਗਏ । ਇਕ ਲੱਖ ਰੋਮੀਆਂ ਨੂੰ ਮੁਸਲਮਾਨਾਂ ਨੇ ਰਣਖੇਤਰ ਵਿੱਚ ਮਾਰ ਮੁਕਾਇਆ । ਮੁਸਲਮਾਨ ਤਿੰਨ ਹਜ਼ਾਰ ਦੇ ਲਗਭਗ ਸ਼ਹੀਦ ਹੋਏ । ਇਹ ਯਰਮੂਕ ਦੀ ਜੰਗ ਸੀ ।

ਯਰਮੂਕ ਦੀ ਜੰਗ ਦੀ ਫ਼ਤਹ ਤੋਂ ਕੁਝ ਦਿਨ ਪਹਿਲਾਂ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਸ਼ਾਮ ਦੀਆਂ ਫ਼ੌਜਾਂ ਦੀ ਅਗਵਾਈ ਹਜ਼ਰਤ ਅਬੂ ਉਬੈਦਹ ਦੇ ਸੁਪੁਰਦ ਕੀਤੀ । ਹਜ਼ਰਤ ਖ਼ਾਲਿਦ ਬਿਨ ਵਲੀਦ ਰਜ਼ੀ ਅਲੱਾਹ ਅਨਹੁ ਇਸ ਸਮੇਂ ਕਮਾਂਡਰ ਸਨ । ਜੱਦ ਮੁਸਲਮਾਨਾਂ ਨੂੰ ਫ਼ਤਹ ਹੋਈ ਤਾਂ ਹਜ਼ਰਤ ਖ਼ਾਲਿਦ ਰਜ਼ੀ ਅਲੱਾਹ ਅਨਹੁ ਦਾ ਲਸ਼ਕਰ ਵਾਪਸ ਇਰਾਕ ਜਾਣ ਲਗੱਾ । ਜੱਦ ਹਜ਼ਰਤ ਖ਼ਾਲਿਦ ਰਜ਼ੀ ਅਲੱਾਹ ਅਨਹੁ ਰਵਾਨਾ ਹੋਣ ਲੱਗੇ ਤਾਂ ਉਹਨਾ ਨੇ ਲੋਕਾਂ ਨੂੰ ਸੰਬੋਧਨ ਹੋਕੇ ਫ਼ਰਮਾਇਆ ਕਿ ਤੁਹਾਨੂੰ ਖ਼ੁਸ਼ ਹੋਣਾ ਚਾਹੀਦਾ ਹੈ ਕਿ ਇਸ ਉਮੱਤ ਦੇ ਅਮੀਨ ਤੁਹਾਡੇ ਵਾਲੀ ਹਨ, ਇਸ'ਤੇ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ, ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਸੁਣਿਆ ਹੈ ਕਿ ਖ਼ਾਲਿਦ ਬਿਨ ਵਲੀਦ ਰੱਬ ਦੀਆਂ ਤਲਵਾਰਾਂ ਵਿੱਚੋਂ ਇਕ ਤਲਵਾਰ ਹੈ । ਭਾਵ ਇਸ ਪ੍ਰਕਾਰ ਪ੍ਰੇਮ ਤੇ ਸਨਮਾਨ ਦੇ ਵਾਤਾਵਰਣ ਵਿੱਚ ਦੋਵੇਂ ਆਗੂ ਇਕ ਦੂਜੇ ਤੋਂ ਅੱਡ ਹੋਏ ।

ਹਜ਼ੂਰ ਅਨਵਰ ਨੇ ਫਵਰਮਾਇਆ : ਇਹ ਹੈ ਮੋਮਿਨ ਦੀ ਸੰਜਮਤਾ ਕਿ ਨ ਨਾਂ ਦੀ ਇਛੱਾ, ਨ ਪ੍ਰਸ਼ੰਸਾ ਦੀ ਇਛੱਾ, ਨ ਕਿਸੇ ਅਫ਼ਸਰੀ ਤੇ ਉਹਦੇ ਦੀ ਇਛੱਾ, ਉਦੇਸ਼ ਹੈ ਤਾਂ ਕੇਵਲ ਇਕ, ਕਿ ਰੱਬ ਦੀ ਰਜ਼ਾ ਹਾਸਲ ਹੋ ਜਾਏ ਅਤੇ ਰੱਬ ਦੀ ਬਾਦਸ਼ਾਹੀ ਸੰਸਾਰ ਭਰ ਵਿੱਚ ਸਥਾਪਤ ਹੋ ਜਾਏ । ਫ਼ਰਮਾਇਆ : ਸੋ, ਇਹ ਲੋਕ ਸਾਡੇ ਲਈ ਚੰਗੇ ਆਚਰਣ ਦੇ ਪਾਤਰ ਹਨ ਅਤੇ ਹਰ ਉਹਦੇਦਾਰ ਨੂੰ ਸਗੋਂ ਹਰ ਅਹਮਦੀ ਨੂੰ ਇਹਨਾਂ ਗਲੱਾਂ ਨੂੰ ਆਪਣੇ ਸਾਹਮਣੇ ਰਖੱਣਾ ਚਾਹੀਦਾ ਹੈ ।

ਸ਼ਾਮ ਦੇ ਲੋਕ ਵੱਖ ਵੱਖ ਧਰਮਾ ਦੇ ਪੈਰ੍ਹੋਕਾਰ ਸਨ, ਭਾਸ਼ਾਵਾਂ ਦੀ ਭਿੰਨ੍ਹਤਾ ਸੀ, ਇਹਨਾਂ ਦੀਆਂ ਨਸਲਾਂ ਦੀ ਭਿੰਨ੍ਹਤਾ ਸੀ । ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਨੇ ਇਹਨਾ ਵਿੱਚ ਨਿਆਏ ਤੇ ਸਮਾਨਤਾ ਸਥਾਪਤ ਕੀਤੀ । ਆਪਸੀ ਅਮਨ ਤੇ ਸ਼ਾਂਤੀ ਨੂੰ ਸਥਾਪਨ ਕੀਤਾ, ਹਰ ਇਕ ਨੂੰ ਧਾਰਮਕ ਆਜ਼ਾਦੀ ਦਿੱਤੀ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੇ ਯਤਨਾ ਨਾਲ ਹੀ ਜੋ ਅਰਬ ਲੋਕ ਸ਼ਾਮ ਵਿੱਚ ਵਸੱਦੇ ਸਨ ਅਤੇ ਇਸਾਈ ਧਰਮ ਦੇ ਪੈਰ੍ਹੋ ਸਨ ਇਸਲਾਮ ਦੀ ਗੋਦ ਵਿੱਚ ਆ ਗਏ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਬੈਤੁਲ ਮੁਕਦੱਸ ਦੀ ਫ਼ਤਹ ਦੀ ਗੱਲ ਸੁਣਾਉਦਾ ਹਾਂ, ਇਸ ਦਾ ਸੰਬੰਧ ਵੀ ਹਜ਼ਰਤ ਅਬੂ ਉਬੈਦਹ ਨਾਲ ਹੈ । ਹਜ਼ਰਤ ਉਮਰੋ ਬਿਨ ਆਸ ਰਜ਼ੀ ਅਲੱਾਹ ਅਨਹੁ ਦੀ ਅਗਵਾਈ ਵਿੱਚ ਇਸਲਾਮੀ ਲਸ਼ਕਰ ਫ਼ਲਸਤੀਨ ਵੱਲ ਵੱਧਿਆ । ਉਹਨਾ ਨੇ ਜੱਦ ਫ਼ਲਸਤੀਨ ਦੇ ਸ਼ਹਿਰਾਂ ਨੂੰ ਫ਼ਤਹ ਕਰਕੇ ਬੈਤੁਲ ਮੁਕਦੱਸ ਦਾ ਘਿਰਾਓ ਕੀਤਾ ਤਾਂ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦਾ ਲਸ਼ਕਰ ਵੀ ਉਹਨਾਂ ਨਾਲ ਆਣ ਮਿਲਿਆ । ਇਸਾਈਆਂ ਨੇ ਕਿਲਾ ਬੰਦੀ ਤੋਂ ਤੰਗ ਆ ਕੇ ਸੁਲਾਹ ਦੀ ਪੇਸ਼ਕਸ਼ ਕੀਤੀ ਪਰ ਸ਼ਰਤ ਇਹ ਰੱਖੀ ਕਿ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਆਪ ਆਣਕੇ ਸੁਲਾਹ ਦਾ ਸੰਧੀ ਨਾਮਾ ਕਰਨ । ਹਜ਼ਰਤ ਅਬੂ ਉਬੈਦਹ ਰਜ਼ੀ  ਅਲੱਾਹ ਅਨਹੁ ਨੇ ਇਸਾਈਆਂ ਦੀ ਇਸ ਪੇਸ਼ਕਸ਼ ਨੂੰ ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਤੱਕ ਪਹੁੰਚਾ ਦਿਤੱਾ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਰਬੀਉਲ ਅਵੱਲ **16** ਹਿਜਰੀ ਨੂੰ ਚਲੱਕੇ ਜਾਬੀਆ ਸਥਾਨ'ਤੇ ਜੋ ਦਮਿਸ਼ਕ ਦੇ ਪਿੰਡਾਂ ਵਿੱਚ ਇਕ ਬਸਤੀ ਹੈ ਓਥੇ ਪਹੁੰਚੇ, ਜਿੱਥੇ ਫ਼ੌਜੀਆਂ ਦੇ ਆਗੂਆਂ ਨੇ ਆਪ ਦਾ ਸਵਾਗਤ ਕੀਤਾ । ਆਪ ਨੇ ਫ਼ਰਮਾਇਆ ਕਿ ਮੇਰਾ ਭਰਾ ਕਿੱਥੇ ਹੈ । ਲੋਕਾਂ ਨੇ ਪੁੱਛਿਆ ਹੇ ਅਮੀਰੁਲ ਮੋਮਿਨੀਨ ਆਪ ਦਾ ਭਾਵ ਕੌਣ ਹਨ । ਆਪ ਨੇ ਫ਼ਰਮਾਇਆ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ । ਅਰਜ਼ ਕੀਤੀ ਕਿ ਹੁਣੇ ਹੀ ਆਉਂਦੇ ਹਨ । ਐਨ੍ਹੇ ਵਿੱਚ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਊਠਣੀ'ਤੇ ਸਵਾਰ ਹੋਕੇ ਆਏ ਅਤੇ ਸਲਾਮ ਅਰਜ਼ ਕਰਕੇ ਖ਼ੈਰੀਯਤ ਪੁੱਛੀ । ਹਜ਼ਰਤ ਉਮਰ ਰਜ਼ੀ ਅਲੱਾਹ ਅਨਹੁ ਨੇ ਬਾਕੀ ਸਾਰਿਆਂ ਲੋਕਾਂ ਨੂੰ ਜਾਣ ਲਈ ਕਿਹਾ ਅਤੇ ਆਪ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦੇ ਨਾਲ ਉਹਨਾ ਦੇ ਠਹਿਰਣ ਵਾਲੀ ਥਾਂ'ਤੇ ਚਲੇ ਗਏ । ਘਰ ਪਹੁੰਚ ਕੇ ਦੇਖਿਆ ਕਿ ਓਥੇ ਕੇਵਲ ਇਕ ਤਲਵਾਰ, ਢਾਲ, ਚਟਾਈ ਤੇ ਇਕ ਪਿਆਲੇ ਤੋਂ ਬਿਨਾ ਹੋਰ ਕੁਝ ਨਹੀਂ ਸੀ । ਹਜ਼ਰਤ ਉਮਰ ਰਜ਼ੀ ਅਲੱਹ ਅਨਹੁ ਨੇ ਫ਼ਰਮਾਇਆ, ਹੇ ਅਬੂ ਉਬੈਦਹ ਕੁਝ ਸਾਮਾਨ ਹੋਰ ਵੀ ਉਪਲਭਦ ਕਰਾ ਲੈਂਦੇ । ਹਜ਼ਰਤ ਅਬੂ ਉਬੈਦਹ ਰਜ਼ੀ ਅਲੱਹ ਅਨਹੁ ਨੇ ਅਰਜ਼ ਕੀਤੀ ਹੇ ਅਮੀਰੁਲ ਮੋਮਿਨੀ, ਇਹ ਸਾਨੂੰ ਸੁੱਖ ਤੇ ਆਰਾਮ ਵੱਲ ਲਾ ਦੇਵੇਗਾ ।

ਅਰਬਾਜ਼ ਬਿਨ ਸਾਰ ਇਹ ਬਿਆਨ ਕਰਦੇ ਹਨ ਕਿ ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਤਾਊਨ ਕਰਕੇ ਬਿਮਾਰ ਹੋਏ ਤਾਂ ਮੈਂ ਉਹਨਾਂ ਦੀ ਸੇਵਾ ਵਿੱਚ ਹਾਜ਼ਰ ਹੋਇਆ ਤਾਂ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਮੈਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਸੁਣਿਆ ਹੈ ਕਿ ਜੋ ਤਾਊਨ ਨਾਲ ਮਰੇ ਉਹ ਸ਼ਹੀਦ ਹੈ । ਜੋ ਢਿੱਡ ਦੀ ਬਿਮਾਰੀ ਨਾਲ ਮਰੇ ਉਹ ਸ਼ਹੀਦ ਹੈ, ਜੋ ਡੁਬੱਕੇ ਮਰੇ ਉਹ ਸ਼ਹੀਦ ਹੈ ਅਤੇ ਜੋ ਛੱਤ ਦੇ ਡਿਗੱਣ ਕਰਕੇ ਦਬੱਕੇ ਮਰ ਜਾਏ ਉਹ ਸ਼ਹੀਦ ਹੈ । ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦਾ ਅੰਤਮ ਸਮਾਂ ਆਇਆ ਤਾਂ ਲੋਕਾਂ ਨੂੰ ਨਸੀਹਤ ਕਰਦਿਆਂ ਹੋਇਆਂ ਫ਼ਰਮਾਇਆ ਕਿ ਰੱਬ ਨੇ ਬਨੀ ਆਦਮ ਲਈ ਮੌਤ ਮੁਕਦੱਰ ਰੱਖੀ ਹੈ । ਹਰ ਵਿਅਕਤੀ ਮਰੇਗਾ, ਸੂਝਵਾਨ ਉਹ ਹੈ ਜੋ ਮੌਤ ਲਈ ਤਿਆਰ ਰਹਿੰਦਾ ਹੈ ਅਤੇ ਉਸ ਦਿਨ ਦੀ ਤਿਆਰੀ ਕਰਦਾ ਹੈ । ਅਮੀਰੁਲ ਮੋਮਿਨੀਨ ਨੂੰ ਮੇਰਾ ਸਲਾਮ

ਪਹੁੰਚਾ ਦੇਣਾ ਅਤੇ ਅਰਜ਼ ਕਰਨੀ ਕਿ ਮੈਂ ਸਾਰੀਆਂ ਅਮਾਨਤਾਂ ਪੂਰੀਆਂ ਕਰ ਦਿੱਤੀਆਂ ਹਨ ਫਿਰ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਮੈਨੂੰ ਮੇਰੇ ਫ਼ੈਸਲੇ ਅਨੁਸਾਰ ਇੱਥੇ ਹੀ ਦਫ਼ਨਾ ਦੇਣਾ । ਸੋ, ਅਰਦਨ ਦੀ ਧਰਤੀ ਵਿੱਚ ਬੀਸਾਨ ਦੀ ਵਾਦੀ ਵਿੱਚ ਆਪਦੀ ਕਬਰ ਹੈ । ਆਪ 18 ਹਿਜਰੀ ਵਿੱਚ 58 ਸਾਲ ਦੀ ਉਮਰ ਵਿੱਚ ਰੱਬ ਨੂੰ ਪਿਆਰੇ ਹੋਏ । ਜੱਦ ਹਜ਼ਰਤ ਅਬੂ ਉਬੈਦਹ ਰਜ਼ੀ ਅਲੱਾਹ ਅਨਹੁ ਦਾ ਦੇਹਾਂਤ ਹੋਇਆ ਤਾਂ ਹਜ਼ਰਤ ਮਆਜ਼ ਰਜ਼ੀ ਅਲੱਾਹ ਅਨਹੁ ਨੇ ਲੋਕਾਂ ਨੂੰ ਕਿਹਾ, ਲੋਕੋ ਅੱਜ ਸਾਡੇ ਵਿੱਚੋਂ ਉਹ ਮਨੁੱਖ ਅੱਡ ਹੋਇਆ ਹੈ ਜਿਸ ਤੋਂ ਬਹੁਤਾ ਸਾਫ਼ ਦਿਲ, ਕੋਈ ਕੀਨਾ ਨ ਰਖੱਣ ਵਾਲਾ ਤੇ ਲੋਕਾਂ ਨਾਲ ਪ੍ਰੇਮ ਰਖੱਣ ਵਾਲਾ ਅਤੇ ਉਹਨਾ ਜਿਹਾ ਸ਼ੁਭਚਿੰਤਕ ਮੈਂ ਨਹੀਂ ਦੇਖਿਆ । ਦੁਆ ਕਰੋ ਕਿ ਅਲੱਾਹ ਉਸ'ਤੇ ਆਪਣੀਆਂ ਰਹਿਮਤਾਂ ਨਾਜ਼ਲ ਕਰੇ ।

ਹਜ਼ਰਤ ਉਮਰ ਨੇ ਇਕ ਵਾਰ ਆਪੇ ਸਾਥੀਆਂ ਨੂੰ ਫ਼ਰਮਾਇਆ ਕਿ ਮੇਰੀ ਇਛੱਾ ਇਹ ਹੈ ਕਿ ਇਹ ਘਰ ਹਜ਼ਰਤ ਅਬੂ ਉਬੈਦਹ ਬਿਨ ਜਿਰਾਹ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਮਆਜ਼ ਬਿਨ ਜਬਲ ਰਜ਼ੀ ਅਲੱਾਹ ਅਨਹੁ, ਸਾਲਮ ਮੌਲਾ ਅਬੂ ਹੁਜ਼ੈਫ਼ਾ ਰਜ਼ੀ ਅਲੱਾਹ ਅਨਹੁ ਅਤੇ ਹਜ਼ਰਤ ਹੁਜ਼ੈਫ਼ਾ ਬਿਨ ਯਮਾਨ ਰਜ਼ੀ ਅਲੱਾਹ ਅਨਹੁ ਜਿਹੇ ਲੋਕਾਂ ਨਾਲ ਭਰਿਆਂ ਹੋਵੇ। ਸੋ, ਕਿੰਨ੍ਹੇ ਹੀ ਖ਼ੁਸ਼ਕਿਸਮਤ ਹਨ ਇਹ ਲੋਕ ਜੋ ਦੁਨੀਆ ਵਿੱਚ ਵੀ ਰੱਬ ਦੀ ਰਜ਼ਾ ਹਾਸਲ ਕਰਨ ਵਾਲੇ ਸਨ ਅਤੇ ਅਗੱਲੇ ਜਹਾਨ ਵਿੱਚ ਵਿੱਚ ਵੀ ਉਸਦੀ ਰਜ਼ਾ ਹਾਸਲ ਕਰਨ ਵਾਲੇ ਹਨ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਇਹਨਾ ਦਾ ਜ਼ਿਕਰ ਅੱਜ ਖ਼ਤਮ ਹੋਇਆ । ਕੁਝ ਜਨਾਜ਼ੇ ਪੜ੍ਹਾਵਾਂਗਾ । ਇਕ ਸਾਡੇ ਸ਼ਹੀਦ ਹਨ ਪ੍ਰੋਫ਼ਸਰ ਡਾਕਟਰ ਨਈਮੁੱਦੀਨ ਖ਼ਟਕ ਸਾਹਬ ਸਪੁਤੱਰ ਫ਼ਜ਼ਲਦੀਨ ਖ਼ਟਕ ਸਾਹਬ ਜ਼ਿਲਾ ਪਿਸ਼ਾਵਰ । 5 ਅਕਤੂਬਰ ਨੂੰ ਵਿਰੋਧੀਆਂ ਨੇ ਇਹਨਾ ਨੂੰ ਗੋਲੀਆਂ ਮਾਰਕੇ ਸ਼ਹੀਦ ਕਰ ਦਿਤੱਾ । اناللہواناالیہراجعون । ਸ਼ਹੀਦ ਦੀ ਉਮਰ 56 ਸਾਲ ਸੀ । ਅਲੱਾਹ ਤਆਲਾ ਮਰਹੂਮ ਨਾਲ ਬਖ਼ਸ਼ਿਸ਼ ਦਾ ਵਰਤਾਉ ਕਰੇ ਅਤੇ ਇਹਨਾ ਦੇ ਪਿੱਛੇ ਰਹਿ ਜਾਣ ਵਾਲਿਆਂ ਨੂੰ ਵੀ ਸਬਰ ਪ੍ਰਦਾਨ ਕਰੇ । ਇਹਨਾ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਨੇ ਅਜ਼ੀਜ਼ਮ ਉਸਾਮਾ ਸਾਦਿਕ ਵਿਦਿਆਰਥੀ ਜਾਮਿਆ ਅਹਮਦੀਆ ਜਰਮਨੀ ਅਤੇ ਮੁਕਰੱਮ ਸਲੀਮ ਅਹਮਦ ਮਲਕ ਸਾਹਬ ਉਸਤਾਦ ਜਾਮਿਆ ਅਹਮਦੀਆ ਯੂ.ਕੇ. ਦੇ ਸਦਗੁਣਾ ਨੂੰ ਵਰਨਣ ਕੀਤਾ । ਹਜ਼ੂਰ ਅਨਵਰ ਨੇ ਮਰਹੂਮੀਨ ਲਈ ਬਖਸ਼ਿਸ਼ ਦੀ ਦੁਆ ਕੀਤੀ ਅਤੇ ਫ਼ਰਮਾਇਆ ਕਿ ਨਮਾਜ਼ਾਂ ਦੇ ਬਾਦ ਮੈਂ ਇਹਨਾ ਦੀ ਨਮਾਜ਼ ਜਨਾਜ਼ਾਹ ਗ਼ਾਇਬ ਵੀ ਪੜ੍ਹਾਵਾਂਗਾ ।

اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ. عِبَادَ اللّٰهِ رحمکم اللہ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔

**Khulasa Khutba Jumma 09.10.2020**

Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131